# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 03 ਅਕਤੂਬਰ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬਸੰਤ ਮੋਟਰਜ਼ ਦਾ 35ਵਾਂ ਸਾਲਾਨਾ ਸਕਾਲਰਸ਼ਿਪ ਸਮਾਗਮ 4 ਅਕਤੂਬਰ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 3 ਅਕਤੂਬਰ : ਬਸੰਤ ਮੋਟਰਜ਼ ਵੱਲੋਂ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਉਤਸ਼ਾਹਿਤ ਕਰਨ ਅਤੇ ਨੌਜਵਾਨ ਪੀੜ੍ਹੀ ਦੀਆਂ ਪ੍ਰਾਪਤੀਆਂ ਨੂੰ ਸਨਮਾਨਿਤ ਕਰਨ ਲਈ 35ਵਾਂ ਸਾਲਾਨਾ ਸਕਾਲਰਸ਼ਿਪ ਸਮਾਗਮ ਐਤਵਾਰ, 4 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਦੁਪਹਿਰ 3 ਵਜੇ ਬਸੰਤ ਮੋਟਰਜ਼ ਦੇ ਵਿਹੜੇ ਵਿਚ (16315 ਫਰੇਜ਼ਰ ਹਾਈਵੇ) ਸਰੀ ਵਿਖੇ ਹੋਵੇਗਾ।

ਬਸੰਤ ਮੋਟਰਜ਼ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਚਲਾਈ ਜਾ ਰਹੀ ਸਕਾਲਰਸ਼ਿਪ ਪ੍ਰੰਪਰਾ ਤਹਿਤ ਹਰ ਸਾਲ ਭਾਈਚਾਰੇ ਦੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ, ਲਗਨ ਅਤੇ ਅਕਾਦਮਿਕ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਜਾਂਦਾ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੋਸਟ-ਸੈਕੰਡਰੀ ਸਿੱਖਿਆ ਅਤੇ ਭਵਿੱਖ ਦੇ ਟੀਚਿਆਂ ਦੀ ਪੂਰਤੀ ਲਈ ਸਕਾਲਰਸ਼ਿਪ ਪ੍ਰਦਾਨ ਕੀਤੀ ਜਾਂਦੀ ਹੈ।

ਬਸੰਤ ਮੋਟਰਜ਼ ਦੇ ਪ੍ਰਬੰਧਕਾਂ ਅਨੁਸਾਰ ਇਹ ਸਮਾਗਮ ਨੌਜਵਾਨਾਂ ਦੀਆਂ ਵਿਦਿਅਕ ਪ੍ਰਾਪਤੀਆਂ ਨੂੰ ਮਾਨਤਾ ਦੇਣ ਦੇ ਨਾਲ-ਨਾਲ ਭਾਈਚਾਰੇ ਦੀ ਅਗਲੀ ਪੀੜ੍ਹੀ ਨਾਲ ਆਪਣੀ ਸਾਂਝ ਅਤੇ ਜ਼ਿੰਮੇਵਾਰੀ ਨੂੰ ਮਜ਼ਬੂਤ ਕਰਨ ਦਾ ਇੱਕ ਮਹੱਤਵਪੂਰਨ ਉਪਰਾਲਾ ਹੈ। ਸਮਾਗਮ ਦੌਰਾਨ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ, ਅਧਿਆਪਕਾਂ ਅਤੇ ਭਾਈਚਾਰੇ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਹੋਵੇਗੀ।

## ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਾਡਲ ਟਾਊਨ ਵਿਖੇ ਅਸੈਂਬਲੀ ਲੈਵਲ ਅੰਤਰ-ਸਕੂਲ ਸਵੀਪ ਮੁਕਾਬਲੇ ਕਰਵਾਏ

### ਵਿਦਿਆਰਥੀਆਂ ਨੂੰ ਲੋਕਤੰਤਰ 'ਚ ਵੋਟ ਦੀ ਅਹਿਮੀਅਤ ਤੋਂ ਜਾਣੂ ਕਰਵਾ ਕੇ ਚੋਣ ਪ੍ਰਕਿਰਿਆ 'ਚ ਨੌਜਵਾਨਾਂ ਦੀ ਭਾਗੀਦਾਰੀ ਯਕੀਨੀ ਬਣਾਉਣਾ ਮੁੱਖ ਉਦੇਸ਼

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 3 ਅਕਤੂਬਰ : ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨੌਜਵਾਨ ਵੋਟਰਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਵਿਖੇ ਅਸੈਂਬਲੀ ਲੈਵਲ ਅੰਤਰ-ਕਾਲਜ ਸਵੀਪ ਮੁਕਾਬਲੇ ਪ੍ਰਿੰਸੀਪਲ ਰਜੇਸ਼ ਮੋਦੀ ਦੀ ਅਗਵਾਈ ਹੇਠ ਕਰਵਾਏ ਗਏ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਲੋਕਤੰਤਰ ਵਿੱਚ ਵੋਟ ਦੀ ਅਹਿਮੀਅਤ ਤੋਂ ਜਾਣੂ ਕਰਵਾਉਣਾ ਅਤੇ ਚੋਣ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਸੀ। ਇਸ ਅੰਤਰ- ਸਕੂਲ ਮੁਕਾਬਲੇ ਦੌਰਾਨ ਵੱਖ-ਵੱਖ ਸਕੂਲਾਂ ਦੇ 100 ਦੇ ਲਗਭਗ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦੌਰਾਨ ਵੋਟਰ ਜਾਗਰੂਕਤਾ ਨਾਲ ਸਬੰਧਤ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ, ਜਿੰਨ੍ਹਾਂ ਵਿੱਚ ਨੁੱਕੜ ਨਾਟਕ, ਭਾਸ਼ਣ ਪ੍ਰਤੀਯੋਗਿਤਾ, ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਮਹਿੰਦੀ ਅਤੇ ਰੰਗੋਲੀ ਮੁਕਾਬਲੇ ਵਿਸ਼ੇਸ਼ ਤੌਰ ਤੇ ਖਿੱਚ ਦਾ ਕੇਂਦਰ ਰਹੇ। ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਵਿਚਾਰਾਂ ਰਾਹੀਂ ਇਹ ਸੁਨੇਹਾ ਦਿੱਤਾ ਕਿ ਇੱਕ ਮਜ਼ਬੂਤ ਲੋਕਤੰਤਰ ਦੇ ਨਿਰਮਾਣ ਲਈ ਹਰੇਕ ਨਾਗਰਿਕ ਨੂੰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਡਰ ਜਾਂ ਲਾਲਚ ਦੇ ਕਰਨੀ ਚਾਹੀਦੀ ਹੈ। ਇਸ ਮੌਕੇ ਬੀ.ਡੀ.ਪੀ.ਓ. ਪਟਿਆਲਾ ਹਰਵਿੰਦਰ ਸਿੰਘ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਅਸਿਸਟੈਂਟ ਨੋਡਲ ਅਫ਼ਸਰ ਡਾ. ਇੰਦਰਪ੍ਰੀਤ ਸਿੰਘ ਨੇ ਮਹਿਮਾਨਾਂ ਤੇ ਵੱਖ-ਵੱਖ ਸਕੂਲਾਂ ਤੋਂ ਪਹੁੰਚੀਆਂ ਟੀਮਾਂ ਦਾ ਸਵਾਗਤ ਕੀਤਾ। ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਡਾ. ਸਵਿੰਦਰ ਸਿੰਘ ਰੇਖੀ ਨੇ ਕਿਹਾ ਕਿ ਨੌਜਵਾਨ ਦੇਸ਼ ਦਾ ਭਵਿੱਖ ਹਨ ਅਤੇ ਚੋਣਾਂ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ ਲੋਕਤੰਤਰੀ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਦੀ ਹੈ। ਪ੍ਰੀਤੀ ਗੁਪਤਾ ਹੈਡਮਿਸਟ੍ਰੈਸ, ਰਜਨੀ ਭਾਰਗਵ, ਪਰਮਿੰਦਰ ਕੌਰ ਅਤੇ ਪ੍ਰਵੇਸ਼ ਕੁਮਾਰ ਨੇ ਇਨ੍ਹਾਂ ਨਿਰਣਾਇਕ ਦੀ ਭੂਮਿਕਾ ਨਿਭਾਈ। ਇਨ੍ਹਾਂ ਅੰਤਰ- ਸਕੂਲ ਸਵੀਪ ਮੁਕਾਬਲਿਆਂ ਦੇ ਸਫਲਤਾਪੂਰਵਕ ਆਯੋਜਨ ਵਿੱਚ ਸਕੂਲ ਦੇ ਭਗਵੰਤ ਸਿੰਘ, ਸ਼ਹਿਨਾਜ਼, ਗੀਤਾ, ਚਰਨਜੀਤ ਸਿੰਘ, ਮਨਪ੍ਰੀਤ ਸ਼ਰਮਾ, ਨਵਜੋਤ ਕੌਰ, ਨਵਨੀਤ ਕੌਰ ਅਤੇ ਸਿਮਰਨ ਕੌਰ ਨੇ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਸਹਾਇਕ ਸਵੀਪ ਨੋਡਲ ਅਫ਼ਸਰ ਮੋਹਿਤ ਕੌਸ਼ਲ, ਰੁਪਿੰਦਰ ਸਿੰਘ ਨੋਡਲ ਅਫ਼ਸਰ 115- ਪਟਿਆਲਾ ਅਤੇ ਵਿਜੇ ਗੋਇਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਮੁਕਾਬਲਿਆਂ ਦੇ ਅੰਤ ਵਿੱਚ ਵੱਖ-ਵੱਖ ਕੈਟੇਗਰੀਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਬਹਾਦੁਰਗੜ੍ਹ ਵਿਖੇ ਸਮਾਗਮ ਆਯੋਜਿਤ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 3 ਅਕਤੂਬਰ : ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਅਧੀਨ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ, ਪਟਿਆਲਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.), ਸ੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸਮਾਗਮ 3 ਅਤੇ 4 ਅਕਤੂਬਰ, 2026 ਨੂੰ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਹਾਦੁਰਗੜ੍ਹ, ਪਟਿਆਲਾ ਵਿਖੇ ਕਰਵਾਏ ਜਾ ਰਹੇ ਹਨ।

ਸਮਾਗਮ ਦਾ ਆਗਾਜ਼ 3 ਅਕਤੂਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਵਿਰਾਸਤ ਨੂੰ ਸਮਰਪਿਤ ਪ੍ਰਦਰਸ਼ਨੀ ਦੇ ਉਦਘਾਟਨ ਨਾਲ ਹੋਇਆ। ਪ੍ਰਦਰਸ਼ਨੀ ਦਾ ਉਦਘਾਟਨ ਸ੍ਰੀ ਮੁਲਕਿਲਾਨ ਆਰ., ਆਈ.ਏ.ਐਸ., ਵਿਸ਼ੇਸ਼ ਕਾਰਜ ਅਧਿਕਾਰੀ (ਸ਼ਹਿਰੀ ਮਾਮਲੇ), ਡਿਪਟੀ ਕਮਿਸ਼ਨਰ, ਪਟਿਆਲਾ ਵੱਲੋਂ ਕੀਤਾ ਗਿਆ। ਇਸ ਪ੍ਰਦਰਸ਼ਨੀ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸ਼ਹਾਦਤ, ਸਿੱਖਿਆਵਾਂ ਅਤੇ ਯੋਗਦਾਨ ਨੂੰ ਦਰਸਾਇਆ ਗਿਆ ਹੈ। ਇਹ ਪ੍ਰਦਰਸ਼ਨੀ 3 ਅਕਤੂਬਰ ਤੋਂ 9 ਅਕਤੂਬਰ, 2026 ਤੱਕ ਆਮ ਲੋਕਾਂ ਅਤੇ ਸੰਗਤ ਲਈ ਖੁੱਲ੍ਹੀ ਰਹੇਗੀ।

ਪਹਿਲੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਵਿਰਾਸਤ ਵਿਸ਼ੇ 'ਤੇ ਸੈਮੀਨਾਰ ਵੀ ਕਰਵਾਇਆ ਗਿਆ। ਪੰਜਾਬ ਅਤੇ ਹਰਿਆਣਾ ਦੇ ਉੱਘੇ ਵਿਦਵਾਨਾਂ, ਜਿਨ੍ਹਾਂ ਵਿੱਚ ਡਾ. ਦਿਲਵਰ ਸਿੰਘ, ਸ੍ਰੀ ਫਤਹਿਗੜ੍ਹ ਸਾਹਿਬ; ਡਾ. ਪਰਮਵੀਰ ਸਿੰਘ, ਪਟਿਆਲਾ; ਡਾ. ਸਤਿੰਦਰ ਸਿੰਘ, ਸ੍ਰੀ ਮੰਜੀ ਸਾਹਿਬ ਕੋਟਾ, ਲੁਧਿਆਣਾ; ਡਾ. ਹਰਦੇਵ ਸਿੰਘ, ਸ੍ਰੀ ਫਤਹਿਗੜ੍ਹ ਸਾਹਿਬ; ਅਤੇ ਡਾ. ਗੁਰਸਿਮਰਨ ਕੌਰ, ਅੰਬਾਲਾ ਨੇ ਸੈਮੀਨਾਰ ਵਿੱਚ ਸ਼ਿਰਕਤ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਦਰਸ਼ਨ, ਸ਼ਹਾਦਤ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।ਕਪਰ ਬੁਲਾਰਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਸਮੇਂ ਵਿੱਚ ਪ੍ਰਸੰਗਿਕਤਾ 'ਤੇ ਚਾਨਣਾ ਪਾਉਂਦਿਆਂ ਵਿਸ਼ੇਸ਼ ਤੌਰ 'ਤੇ ਮਨੁੱਖੀ ਸਨਮਾਨ, ਧਾਰਮਿਕ ਆਜ਼ਾਦੀ, ਸਹਿਣਸ਼ੀਲਤਾ, ਦਇਆ ਅਤੇ ਅਨਿਆਂ ਦੇ ਵਿਰੁੱਧ ਖੜ੍ਹੇ ਹੋਣ ਦੇ ਉਨ੍ਹਾਂ ਦੇ ਸੰਦੇਸ਼ ਨੂੰ ਉਜਾਗਰ ਕੀਤਾ।

ਸਮਾਗਮ ਦੌਰਾਨ ਗਿਆਨੀ ਨਵਰੰਗ ਸਿੰਘ ਝੱਲੀ ਅਤੇ ਸਮੂਹ, ਮਲੇਰਕੋਟਲਾ ਵੱਲੋਂ ਢਾਡੀ ਗਾਇਨ ਦੀ ਪੇਸ਼ਕਾਰੀ ਵੀ ਕੀਤੀ ਗਈ। ਕਲਾਕਾਰਾਂ ਨੇ ਆਪਣੀਆਂ ਪੇਸ਼ਕਾਰੀਆਂ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸ਼ਹਾਦਤ ਅਤੇ ਅਧਿਆਤਮਿਕ ਵਿਰਾਸਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਪਹਿਲੇ ਦਿਨ ਦੇ ਸਮਾਗਮ ਵਿੱਚ ਸੰਗਤ, ਆਮ ਲੋਕਾਂ, ਸੱਭਿਆਚਾਰਕ ਅਤੇ ਧਾਰਮਿਕ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਇਨ੍ਹਾਂ ਵਿੱਚ ਸੰਤ ਈਸ਼ਰ ਸਿੰਘ ਗੁਰਮਤਿ ਅਕੈਡਮੀ, ਚਪੜ; ਜਸਦੇਵ ਸਿੰਘ ਸੰਧੂ ਕਾਲਜ ਆਫ਼ ਐਜੂਕੇਸ਼ਨ, ਕੌਲੀ; ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਫਾਰ ਗਰਲਜ਼, ਆਕੜ, ਸ੍ਰੀ ਨਿੰਮ ਸਾਹਿਬ; ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਹਾਦੁਰਗੜ੍ਹ, ਪਟਿਆਲਾ; ਅਤੇ ਸੁਸ਼ੀਲਾ ਦੇਵੀ ਪਬਲਿਕ ਸਕੂਲ, ਧਰੇੜੀ ਜੱਟਾਂ, ਪਟਿਆਲਾ ਦੇ ਵਿਦਿਆਰਥੀ ਸ਼ਾਮਲ ਰਹੇ।

ਇਸ ਮੌਕੇ ਜਥੇਦਾਰ ਸੁਰਜੀਤ ਸਿੰਘ ਗੜ੍ਹੀ, ਸ੍ਰੀ ਜਸਮੇਲ ਸਿੰਘ ਲਾਛਰੂ, ਮੈਂਬਰ, ਐਸ.ਜੀ.ਪੀ.ਸੀ., ਸ੍ਰੀ ਅੰਮ੍ਰਿਤਸਰ, ਅਤੇ ਸ੍ਰੀ ਰਾਜੇਸ਼ ਪੰਜੋਲਾ, ਬਿਊਰੋ ਚੀਫ਼, ਜਗਬਾਣੀ ਅਤੇ ਪੰਜਾਬ ਕੇਸਰੀ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਰਹੇ। ਸਮਾਗਮ 4 ਅਕਤੂਬਰ, 2026 ਨੂੰ ਵੀ ਜਾਰੀ ਰਹੇਗਾ। ਦੂਜੇ ਦਿਨ ਭਾਈ ਸਿਮਰਨਜੀਤ ਸਿੰਘ ਜੀ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅਤੇ ਭਾਈ ਗੁਰਸੇਵਕ ਸਿੰਘ ਜੀ, ਹਜ਼ੂਰੀ ਰਾਗੀ, ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਬਹਾਦੁਰਗੜ੍ਹ ਵੱਲੋਂ ਗੁਰਬਾਣੀ ਗਾਇਨ ਦੀ ਪੇਸ਼ਕਾਰੀ ਕੀਤੀ ਜਾਵੇਗੀ। ਅਤੇ ਉਸ ਉਪਰੰਤ ਗਿਆਨੀ ਸਰਬਜੀਤ ਸਿੰਘ ਆਲਮਗੀਰ ਜੀ ਵੱਲੋਂ ਕਥਾ ਵਾਚਨ ਵੀ ਕੀਤਾ ਜਾਵੇਗਾ, ਜਿਸ ਦੌਰਾਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਸਿੱਖਿਆਵਾਂ ਅਤੇ ਅਧਿਆਤਮਿਕ ਸੰਦੇਸ਼ 'ਤੇ ਚਾਨਣਾ ਪਾਉਣਗੇ।

## ਭਾਸ਼ਾ ਵਿਭਾਗ ਪੰਜਾਬ ਨੇ 'ਪੰਜਾਬੋਂ ਬਾਹਰ ਸਮਾਗਮਾਂ' ਦੀ ਲੜੀ ਤਹਿਤ ਦੇਹਰਾਦੂਨ ਵਿਖੇ ਕਰਵਾਇਆ ਸਮਾਗਮ

### ਵੱਖ ਵੱਖ ਸੂਬਿਆਂ ਦੇ ਕਵੀਆਂ ਨੇ ਕੀਤੀ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 3 ਅਕਤੂਬਰ : ਭਾਸ਼ਾ ਵਿਭਾਗ ਪੰਜਾਬ ਵੱਲੋਂ 'ਪੰਜਾਬੋਂ ਬਾਹਰ' ਸਮਾਗਮਾਂ ਦੀ ਲੜੀ ਤਹਿਤ ਡਾ. ਬਲਵੀਰ ਸਿੰਘ ਸਾਹਿਤ ਸਦਨ (ਪੰਜਾਬੀ ਯੂਨੀਵਰਸਿਟੀ ਕੈਂਪਸ) ਦੇਹਰਾਦੂਨ ਵਿਖੇ ਭਾਈ ਵੀਰ ਸਿੰਘ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਕਵੀ ਦਰਸ਼ਨ ਬੁੱਟਰ, ਸਾਹਿਤ ਗੌਰਵ ਪ੍ਰੇਮ ਸਾਹਿਲ ਦੇਹਰਾਦੂਨ ਤੇ ਪ੍ਰੋ. ਸੁਦਰਸ਼ਨ ਗਾਸੋ ਅੰਬਾਲਾ ਨੇ ਕੀਤੀ। ਵੱਖ-ਵੱਖ ਸੂਬਿਆਂ ਤੋਂ ਪੁੱਜੇ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਕਵੀ ਦਰਬਾਰ ਨੂੰ ਬਹੁਪਰਤੀ ਬਣਾ ਦਿੱਤਾ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ, ਸ੍ਰੀ ਸਾਹਿਬ ਦੇ ਚੇਅਰਮੈਨ ਸ. ਨਰਿੰਦਰਜੀਤ ਸਿੰਘ ਬਿੰਦਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਡਾ. ਸੰਦੀਪ ਸ਼ਰਮਾ ਲੁਧਿਆਣਾ ਨੇ ਭਾਵਪੂਰਤ ਕਵਿਤਾ 'ਪਿਤਾ' ਨਾਲ ਕੀਤੀ। ਫਿਰ ਅਵਤਾਰਜੀਤ ਸਿੰਘ ਪਟਿਆਲਾ ਨੇ 'ਅਸੀਂ ਜੋ ਵੀ ਲਿਖਦੇ ਹਾਂ ਫ਼ਰਜ਼ ਜ਼ਰੂਰੀ ਲਈ..' ਗੀਤ ਤੁਰੰਨਮ 'ਚ ਗਾ ਕੇ ਲਿਖਾਰੀਆਂ ਨੂੰ ਆਪਣੇ ਫ਼ਰਜ਼ ਪਹਿਚਾਨਣ ਦਾ ਹਲੂਣਾ ਦਿੱਤਾ। ਬਲਵਿੰਦਰ ਸੰਧੂ ਪਟਿਆਲਾ ਨੇ 'ਦਸਵੰਧ', 'ਦਿਲਗੀਰੀ' ਤੇ 'ਅਗਨ ਜਾਂ ਜਲ' ਕਵਿਤਾ ਰਾਹੀਂ ਵੱਖ-ਵੱਖ ਵਿਸ਼ਿਆਂ ਨੂੰ ਛੂਹਿਆ। ਮਨਜੀਤ ਪੁਰੀ ਫ਼ਰੀਦਕੋਟ ਨੇ 'ਸਾਡੇ ਸਮਿਆਂ ਵਿੱਚ..' ਗਜ਼ਲ ਰਾਹੀਂ ਅਜੋਕੇ ਦੌਰ ਦੇ ਸਮਾਜਿਕ-ਰਾਜਨੀਤਿਕ ਹਾਲਾਤ 'ਤੇ ਵਿਅੰਗ ਕੀਤੇ। ਤਰਸੇਮ ਬਰਨਾਲਾ ਨੇ 'ਦੁੱਖ ਦੇ ਦਾਸ' ਰਾਹੀਂ ਤਕਨੀਕੀ ਖੋਜਾਂ ਸਦਕਾ ਬਦਲ ਰਹੇ ਸਮਾਜ ਦੀ ਤਰਾਸਦੀ ਬਿਆਨ ਕੀਤੀ। ਗੁਰਚਰਨ ਸਿੰਘ ਜੋਗੀ ਅੰਬਾਲਾ ਨੇ 'ਕੋਈ ਤਾਂ ਗੱਲ ਕਰੇ..' ਕਵਿਤਾ ਰਾਹੀਂ ਸਾਂਝੇ ਪੰਜਾਬ ਦੀ ਬਾਤ ਪਾਈ। ਸ. ਜਸਵੰਤ ਸਿੰਘ ਜ਼ਫ਼ਰ ਨੇ ਚਾਲੀ ਮੁਕਤਿਆਂ ਬਾਰੇ ਕਵਿਤਾ 'ਆਤਮਾ' ਤੇ 'ਭਾਈ ਕਨਈਆ' ਕਵਿਤਾਵਾਂ ਰਾਹੀਂ ਕੁਰਬਾਨੀ, ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੱਤਾ। ਡਾ. ਅਜੀਤਪਾਲ ਜਟਾਣਾ ਮੋਗਾ ਨੇ ਗਜ਼ਲ 'ਗੀਤ ਫੁੱਟ ਪੈਣਗੇ...' ਤੁਰੰਨਮ ਗਾ ਕੇ ਮਾਹੌਲ ਨੂੰ ਨਵੀਂ ਰੰਗਤ ਦਿੱਤੀ। ਪ੍ਰੋ. ਰਾਜੇਸ਼ ਮੋਹਨ ਫ਼ਰੀਦਕੋਟ ਨੇ 'ਅੱਖਾਂ 'ਚ ਵੇਖਿਆ ਮੈਂ..' ਗਜ਼ਲ ਤੇ ਟੱਪੇ ਤੁਰੰਨਮ 'ਚ ਗਾ ਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਗੁਰਪ੍ਰੀਤ ਮਾਨਸਾ ਨੇ ਆਪਣੀ ਕਵਿਤਾ 'ਮਾਂ ਦਾ ਜਾਣਾ' ਰਾਹੀਂ ਮਾਹੌਲ ਨੂੰ ਕਰੁਣਾਮਈ ਬਣਾ ਦਿੱਤਾ। ਰਾਜੇਸ਼ ਅਨੰਦ ਆਸੀਰ ਦੇਹਰਾਦੂਨ ਨੇ 'ਕਰਾਰ' ਤੇ 'ਇਸ਼ਕ ਦੀ ਰਹਿਬਰੀ' ਗਜ਼ਲਾਂ ਨਾਲ ਕਵੀ ਦਰਬਾਰ ਨੂੰ ਮੁਹੱਬਤੀ ਰੰਗ ਦਿੱਤਾ। ਪ੍ਰੋ. ਗੁਰਪ੍ਰੀਤ ਕੌਰ ਅੰਬਾਲਾ ਨੇ 'ਬੋਲਣ ਦਾ ਫਾਇਦਾ ਕੀ ਹੈ..' ਤੇ 'ਮਹਾਂਨਗਰ' ਕਵਿਤਾਵਾਂ ਰਾਹੀਂ ਸ਼ਹਿਰੀਕਰਨ 'ਤੇ ਵਿਅੰਗ ਕੀਤਾ। ਅੰਬਰ ਖਰਬੰਦਾ ਨੇ 'ਜਿਸ ਵੇਲੇ ਖੁੱਲ੍ਹ ਜਾਂਦੀ ਏ ਅੱਖ..' ਗਜ਼ਲ ਨਾਲ ਹਾਜ਼ਰੀ ਲਵਾਈ। ਸੰਤੋਖ ਸੁੱਖੀ ਨੇ 'ਸੋਹਣੀ' ਕਵਿਤਾ ਰਾਹੀਂ ਹੁਸਨ ਦੇ ਵੱਖ-ਵੱਖ ਰੂਪਾਂ ਦਾ ਬਿਆਨ ਕੀਤਾ। ਦੀਪਕ ਅਰੋੜਾ ਨੇ 'ਬਾਪੂ' ਕਵਿਤਾ ਰਾਹੀਂ ਪਿਤਾ ਦੀ ਅਹਿਮੀਅਤ ਦਰਸਾਈ। ਕੁਮਾਰ ਜਗਦੇਵ ਬਰਾੜ ਨੇ 'ਬੁੱਲਿਆ' ਰਾਹੀਂ ਭਰਵੀਂ ਹਾਜ਼ਰੀ ਲਵਾਈ। ਪ੍ਰੇਮ ਸਾਹਿਲ ਦੇਹਰਾਦੂਨ ਨੇ 'ਉੱਠ ਖੋਲ੍ਹ ਬੂਹਾ ਮੁਹੱਬਤ ਆਈ ਦਰ 'ਤੇ..' ਗਜ਼ਲ ਰਾਹੀਂ ਪਿਆਰ ਦਾ ਪੈਗਾਮ ਦਿੱਤਾ। ਪ੍ਰੋ. ਸੁਦਰਸ਼ਨ ਗਾਸੋ ਨੇ 'ਰਾਜਾ ਓਹ ਹੁੰਦਾ ਹੈ..' ਨਜ਼ਮ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਅਕੀਦਤ ਪੇਸ਼ ਕੀਤੀ। ਦਰਸ਼ਨ ਬੁੱਟਰ ਨਾਭਾ ਨੇ ਆਪਣੀਆਂ ਕਵਿਤਾਵਾਂ 'ਪੰਜਾਬ, ਪੰਜਾਬੀ ਤੇ ਮਾਂ' ਤੇ 'ਸੰਵਾਦ' ਰਾਹੀਂ ਸਮਾਗਮ ਨੂੰ ਸਿਖ਼ਰ 'ਤੇ ਪਹੁੰਚਾ ਦਿੱਤਾ। ਮੰਚ ਸੰਚਾਲਨ ਡਾ. ਮਨਜਿੰਦਰ ਸਿੰਘ ਨੇ ਬਾਖ਼ੂਬੀ ਕੀਤਾ। ਡਾ. ਬਲਵੀਰ ਸਿੰਘ ਸਾਹਿਤ ਸਦਨ ਦੇਹਰਾਦੂਨ ਦੇ ਸਹਿਯੋਗ ਨਾਲ ਕਰਵਾਏ ਇਸ ਕਵੀ ਦਰਬਾਰ ਦੇ ਅਖ਼ੀਰ ਵਿੱਚ ਭਾਸ਼ਾ ਵਿਭਾਗ ਵੱਲੋਂ ਸਾਰੇ ਕਵੀਆਂ ਨੂੰ ਵਿਭਾਗੀ ਸ਼ਾਲਾਂ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਖੋਜ ਅਫ਼ਸਰ ਹਰਪ੍ਰੀਤ ਸਿੰਘ, ਸਾਹਿਤ ਕੇਂਦਰ ਦੇ ਇੰਚਾਰਜ਼ ਡਾ. ਕੁਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ 'ਚ ਸਰੋਤੇ ਹਾਜ਼ਰ ਸਨ।

ਤਸਵੀਰ: ਭਾਸ਼ਾ ਵਿਭਾਗ ਪੰਜਾਬ ਵੱਲੋਂ ਦੇਹਰਾਦੂਨ ਵਿਖੇ ਕਰਵਾਏ ਗਏ ਕਵੀ ਦਰਬਾਰ 'ਚ ਸ਼ਮੂਲੀਅਤ ਕਰਨ ਵਾਲੇ ਕਵੀ ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨਾਲ।

## ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ਾਨਦਾਰ ਡਰੋਨ ਸ਼ੋਅਵੱਡੀ ਗਿਣਤੀ 'ਚ ਡਰੋਨਾਂ ਨੇ ਫਰੀਦਕੋਟ ਵਿਖੇ ਅਸਮਾਨ ਨੂੰ ਕੀਤਾ ਰੌਸ਼ਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਫਰੀਦਕੋਟ, 3 ਅਕਤੂਬਰ : ਪੰਜਾਬ ਸਰਕਾਰ ਵੱਲੋ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਅੱਜ ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਡਰੋਨ ਸ਼ੋਅ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਦੌਰਾਨ ਵੱਡੀ ਗਿਣਤੀ ਡਰੋਨਾਂ ਨੇ ਅਸਮਾਨ ਵਿੱਚ ਰੌਸ਼ਨੀਆਂ ਦੀ ਮਨਮੋਹਕ ਪੇਸ਼ਕਾਰੀ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਫਲਸਫ਼ੇ ਅਤੇ ਮਹਾਨ ਸਿੱਖਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ। ਭਾਰੀ ਗਿਣਤੀ ਵਿੱਚ ਮੌਜੂਦ ਸੰਗਤ ਨੇ ਇਸ ਵਿਲੱਖਣ ਪੇਸ਼ਕਾਰੀ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਦੇਖਿਆ। ਇਸ ਮੌਕੇ ਸੁਰਿੰਦਰ ਸਿੰਘ ਪਾਰਸ ਦੇ ਢਾਡੀ ਜੱਥੇ ਵੱਲੋਂ ਢਾਡੀ ਵਾਰਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਸਿੱਖਿਆਵਾਂ ਅਤੇ ਸਮਾਜਿਕ ਬਰਾਬਰੀ ਤੇ ਭਾਈਚਾਰਕ ਸਾਂਝ ਦੇ ਸੰਦੇਸ਼ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਗੁਰਬਾਣੀ ਦੇ ਗਾਇਨ ਅਤੇ ਆਕਾਸ਼ ਵਿੱਚ ਚਮਕਦੀਆਂ ਰੌਸ਼ਨ ਆਕ੍ਰਿਤੀਆਂ ਨੇ ਸਮਾਗਮ ਨੂੰ ਰੂਹਾਨੀ ਮਾਹੌਲ ਪ੍ਰਦਾਨ ਕੀਤਾ। ਇਸ ਮੌਕੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਪੂਰੀ ਸ਼ਰਧਾ ਨਾਲ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਗੁਰੂ ਜੀ ਪ੍ਰਤੀ ਉਨ੍ਹਾਂ ਦੀ ਡੂੰਘੀ ਸ਼ਰਧਾ ਨੂੰ ਦਰਸਾਉਂਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੂਰੇ ਪੰਜਾਬ ਵਿਚ 4 ਵਿਸ਼ਾਲ ਨਗਰ ਕੀਰਤਨ ਬਹੁਤ ਜਲਦ ਕੱਢੇ ਜਾਣਗੇ। ਇਕ ਨਗਰ ਕੀਰਤਨ ਫਰੀਦਕੋਟ ਤੋਂ ਕੱਢਿਆ ਜਾਣਾ ਹੈ। ਸਭ ਨੂੰ ਵੱਡੇ ਪੱਧਰ ਤੇ ਬੱਚਿਆਂ, ਨੌਜਵਾਨ ਪੀੜ੍ਹੀ ਬਜੁਰਗਾਂ ਨੂੰ ਉਸ ਦਾ ਹਿੱਸਾ ਬਣਾਇਆ ਜਾਵੇਗਾ, ਤਾਂ ਜੋ ਅਸੀਂ ਸਾਰੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਆਪਣਾ ਜੀਵਨ ਸਫਲ ਬਣਾ ਸਕੀਏ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਰੋਨ ਸ਼ੋਅ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੁਰੂ ਜੀ ਦਾ ਜੀਵਨ ਅਤੇ ਬਾਣੀ ਸਮੁੱਚੀ ਮਨੁੱਖਤਾ ਨੂੰ ਬਰਾਬਰੀ, ਸਾਂਝੀਵਾਲਤਾ ਅਤੇ ਮਨੁੱਖੀ ਸਨਮਾਨ ਨਾਲ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਗਤ ਦੀ ਸਹੂਲਤ, ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਾਂ ਨੂੰ ਧਿਆਨ ਵਿੱਚ ਰੱਖਦਿਆਂ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਢੁਕਵੇਂ ਪ੍ਰਬੰਧ ਕੀਤੇ ਗਏ। ਇਸ ਤੋਂ ਇਲਾਵਾ ਸੰਗਤ ਲਈ ਲੰਗਰ ਦਾ ਵੀ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਲੰਗਰ ਕਮੇਟੀ ਮਾਤਾ ਖੀਵੀ ਜੀ, ਸਫਾਈ ਕਮੇਟੀ, ਜੋੜਾ ਘਰ ਕਮੇਟੀ ਨੂੰ ਸਨਮਾਨਿਤ ਕੀਤਾ ਗਿਆ। ਚੇਅਰਮੈਨ ਇੰਮਪਰੂਵਮੈਂਟ ਟਰੱਸਟ ਸ. ਗਗਨਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਡਰੋਨਾਂ ਰਾਹੀਂ ਕੀਤੀ ਗਈ ਇਹ ਪੇਸ਼ਕਾਰੀ ਸ੍ਰੀ ਗੁਰੂ ਰਵਿਦਾਸ ਜੀ ਨੂੰ ਢੁਕਵੀਂ ਸ਼ਰਧਾਂਜਲੀ ਹੈ ਅਤੇ ਉਨ੍ਹਾਂ ਦੇ ਸਦੀਵੀ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਨਿਵੇਕਲਾ ਉਪਰਾਲਾ ਹੈ। ਇਸ ਰਾਹੀਂ ਗੁਰੂ ਜੀ ਦੇ ਬਰਾਬਰੀ, ਭਾਈਚਾਰਕ ਸਾਂਝ, ਦਇਆ, ਸਮਾਜਿਕ ਨਿਆਂ ਅਤੇ ਮਨੁੱਖੀ ਸਨਮਾਨ ਦੇ ਸਦੀਵੀ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਵਿਧਾਇਕ ਸ.ਗੁਰਦਿੱਤ ਸਿੰਘ ਸੇਖੋ ਦੀ ਧਰਮਪਤਨੀ ਬੇਅੰਤ ਕੌਰ ਸੇਖੋਂ, ਵੀਰਪਾਲ ਕੌਰ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਅਨਮੋਲ ਸਿੰਘ ਸੇਖੋਂ, ਸੰਦੀਪ ਧਾਲੀਵਾਲ ਸੂਚਨਾ ਕਮਿਸ਼ਨਰ ਪੰਜਾਬ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਫਰੀਦਕੋਟ ਸ੍ਰੀ ਸੰਦੀਪ ਮਲਹੋਤਰਾ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ, ਐਸ.ਡੀ.ਐਮ ਫਰੀਦਕੋਟ ਸ੍ਰੀ ਪੁਨੀਤ ਸ਼ਰਮਾ, ਨਾਇਬ ਤਹਿਸੀਲਦਾਰ ਹਰਸ਼ਦੀਪ ਗੋਈਲ ਫਰੀਦਕੋਟ, ਪ੍ਰਧਾਨ ਨਗਰ ਕੌਂਸਲ ਬਲਜਿੰਦਰ ਸਿੰਘ ਅਹੂਜਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।



## 2012 ਵਿੱਚ ਅਮਰੀਕਾ ਫੇਰੀ ਦੌਰਾਨ ਲਿਖੀ ਇਹ ਕਵਿਤਾ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ




ਅੱਜ ਸਵੇਰੇ ਉੱਠਣ ਸਾਰ ਜੰਡਿਆਲਾ(ਜਲੰਧਰ) ਜਨਮਿਆ ਨਿੱਕਾ ਵੀਰ ਹਰਵਿੰਦਰ ਰਿਆੜ ਚੇਤੇ ਆਇਆ। ਘੂਰ ਕੇ ਪਿਆਰ ਲੈਣ ਵਾਲਾ। ਨਿੱਕੇ ਵੱਡੇ ਸਾਰੇ ਹੱਕ ਜਤਾਉਣ ਵਾਲਾ। ਪੰਜਾਬ ਰਹਿੰਦਿਆਂ ਉਹ ਸਪੋਰਟਸ ਕਾਲਿਜ ਜਲੰਧਰ, ਗੁਰੂ ਨਾਨਕ ਕਾਲਿਜ ਨਕੋਦਰ, ਲਾਇਲਪੁਰ ਖ਼ਾਲਸਾ ਕਾਲਿਜ ਜਲੰਧਰ ਵਿੱਚ ਪੜ੍ਹਦਿਆਂ ਹੀ ਉਡਾਰ ਹੋ ਗਿਆ ਸੀ। ਚੰਗਾ ਸਾਹਿੱਤ ਪੜ੍ਹਦਾ। ਸਵਾ ਛੇ ਫੁੱਟ ਮੱਖਣੀਂ ਪਾਲ਼ਿਆ ਕੱਦਾਵਰ ਦਰਸ਼ਨੀ ਚਿਹਰਾ।

ਜੰਡਿਆਲੇ ਮੇਰੀ ਵਿੱਛੜੀ ਜੀਵਨ ਸਾਥਣ ਦੇ ਨਾਨਕੇ ਸਨ। ਅਸਾਂ ਜਦ ਵੀ ਜੰਡਿਆਲੇ ਜਾਣਾ, ਉਸ ਸਾਡੇ ਅੰਗ ਸੰਗ ਪਰਛਾਵਾਂ ਬਣ ਕੇ ਰਹਿਣਾ। ਉਸ ਦੀ ਬੋਲ ਬਾਣੀ ਵਿੱਚ ਸਰਸਵਤੀ ਦਾ ਨਿਵਾਸ ਸੀ। ਨਿੱਕੇ ਹੁੰਦਿਆਂ ਵੀ ਜਿਹੜੀ ਗੱਲ ਕਰਦਾ ਉਹ ਅਸਰਦਾਰ ਵੀ ਹੁੰਦੀ ਤੇ ਪੁਖ਼ਤਾ ਵੀ।

ਉਹ ਕਦੇ ਕਦੇ ਪਾਸ਼ ਦੇ ਅੰਦਾਜ਼ ਵਿੱਚ ਪਰ ਵੱਖਰੀ ਕਵਿਤਾ ਲਿਖਦਾ ਲਿਖਦਾ ਨਾਗਮਣੀ ਤੇ ਹੋਰ ਰਸਾਲਿਆਂ ਵਿੱਚ ਛਪਣ ਲੱਗ ਪਿਆ।

ਮੰਚ ਸੰਚਾਲਨ ਵਿੱਚ ਕਾਲਿਜ ਤੋਂ ਬਾਹਰ ਦੂਰਦਰਸ਼ਨ ਤੇ ਲਿਸ਼ਕਾਰਾ ਪ੍ਰੋਗ੍ਰਾਮ ਦਾ ਪੇਸ਼ਕਾਰ ਬਣ ਗਿਆ।
ਪੰਜਾਬੀ ਗਾਇਕ ਦੂਰਦਰਸ਼ਨ ਲਈ ਬਰਾਸਤੀ ਜੰਡਿਆਲਾ ਜਾਂਦੇ। ਉਸ ਨੂੰ ਮਨੋਹਰ ਭਾਰਜ ਨੇ ਬਹੁਤ ਕੁਝ ਸਿਖਾਇਆ ਪਰ ਉਸ ਨੂੰ ਅਮਿਤੋਜ ਦਾ ਅੰਦਾਜ਼ ਬਹੁਤ ਮੋਹਿਤ ਕਰਦਾ। ਅਦਬੀ ਮੰਚ ਸੰਚਾਲਨ ਵਿੱਚ ਉਸ ਆਪਣੀ ਪੈਂਠ ਬਣਾਈ।

ਉਹ ਸ. ਜਗਦੇਵ ਸਿੰਘ ਜੱਸੋਵਾਲ ਦਾ ਨਜ਼ਰੀਂ ਚੜ੍ਹ ਗਿਆ ਤੇ 1990-91 ਵਿੱਚ ਪ੍ਰੋ. ਮੋਹਨ ਸਿੰਘ ਮੇਲੇ ਦਾ ਮੰਚ ਸੰਚਾਲਕ ਬਣ ਗਿਆ।

ਪੂਰੇ ਪੰਜਾਬ ਦੇ ਮੇਲਿਆਂ ਦਾ ਸ਼ਿੰਗਾਰ ਬਣ ਗਿਆ ਉਹ। ਹਰਭਜਨ ਮਾਨ ਕੈਨੇਡਾ ਤੋਂ ਪੰਜਾਬ ਆਇਆ ਤਾਂ ਉਸ ਦੇ ਨਾਲ ਨਾਲ ਵਿਚਰਦਿਆਂ ਉਸ ਦਾ ਮੰਚ ਸੰਭਾਲਣ ਲੱਗਾ।

ਨਕੋਦਰ ਤੋਂ ਪੰਜਾਬੀ ਟ੍ਰਿਬਿਊਨ ਦਾ ਰੀਪੋਰਟਰ ਉਹ ਕਾਲਿਜ ਪੜ੍ਹਦਿਆਂ ਹੀ ਬਣ ਗਿਆ ਸੀ। ਸਿਆਸੀ ਲੋਕ ਵੀ ਉਸ ਨਾਲ ਏਸੇ ਸਾਕੋਂ ਸਾਂਝ ਰੱਖਦੇ। ਫਿਰ ਉਹ ਅਚਾਨਕ ਅਮਰੀਕਾ ਚਲਾ ਗਿਆ। ਮੇਰਾ ਸੰਪਰਕ ਟੁੱਟ ਚੁੱਕਾ ਸੀ।

2003 ਵਿੱਚ ਮੈਂ ਪਹਿਲੀ ਵਾਰ ਕੈਨੇਡਾ ਅਮਰੀਕਾ ਗਿਆ ਤਾਂ ਸਿਆਟਲ ਵਿਖੇ ਸਰੀ ਵਾਲੇ ਪਿਆਰੇ ਦੋਸਤ ਕੁਲਦੀਪ ਗਿੱਲ ਸਦਕਾ ਮਿਲੇ ਦੋਸਤਾਂ ਵਿੱਚ ਰਿਆੜ ਦੀ ਗੱਲ ਤੁਰੀ ਤਾਂ ਇੱਕ ਨੌਜਵਾਨ ਮਿੱਤਰ ਨੇ ਮੇਰੀ ਰਿਆੜ ਨਾਲ ਫੋਨ ਤੇ ਗੱਲ ਕਰਵਾ ਦਿੱਤੀ। ਯਾਦ ਨਹੀਂ ਆ ਰਿਹਾ ਤਿ ਉਹ ਤਰਨਜੀਤ ਜਰਜੜੀ ਵਾਲਾ ਸੀ ਜਾਂ ਸ਼ਿੰਦਰਪਾਲ।

ਉਹੀ ਅੰਦਾਜ਼ ਉਹੀ ਲਹਿਜ਼ਾ। ਉਸ ਦੱਸਿਆ ਕੀ ਉਹ ਨਿੱਕੀ ਭੈਣ ਕੋਲ ਨਿਊ ਜਰਸੀ ਵਿੱਚ ਹਾਂ। ਸੰਘਰਸ਼ ਕਰ ਰਿਹਾਂ, ਇਸ ਵਾਰ ਨਹੀਂ , ਅਗਲੀ ਵਾਰ ਮਿਲਾਂਗਾ।

2006 ਵਿੱਚ ਮੈਂ ਨਿਉਯਾਰਕ ਗਿਆ ਤਾਂ ਉਹ ਓਥੇ ਸੀ। ਬਹੁਤ ਮਿੱਤਰ ਮਿਲਾਏ ਉਸ। ਦਰਬਾਰ ਸਾਹਿਬ ਵਿੱਚ ਗ੍ਰੰਥੀ ਰਹੇ ਵਿਦਵਾਨ ਗਿਆਨੀ ਜਗਤਾਰ ਸਿੰਘ ਜਾਚਕ ਤੇ ਉਨ੍ਹਾਂ ਦਾ ਪਿਆਰਾ ਪਰਿਵਾਰ। ਜਾਚਕ ਜੀ ਦਾ ਸੁਰੀਲਾ ਪੁੱਤਰ ਜਸਦੀਪ ਹੀ ਮੈਨੂੰ ਰਿਆੜ ਕਾਰਨ ਏਅਰਪੋਰਟ ਤੋਂ ਘਰ ਲੈ ਕੇ ਗਿਆ ਸੀ।

ਉਸ ਨੇ ਕਈ ਸਮਾਗਮ ਰਚਾਏ, ਮਿੱਤਰ ਮਿਲਾਏ। ਬਹੁਤ ਘੁੰਮੇ ਘੁਮਾਏ। ਉਸ ਮਗਰੋਂ ਉਹ ਪੂਰੇ ਅਮਰੀਕਾ ਵਿੱਚ ਟੀ ਵੀ ਪ੍ਰੋਗਰਾਮ "ਮੁੱਦਾ"ਕਾਰਨ ਘਰ ਘਰ ਦਾ ਚਹੇਤਾ ਬਣ ਗਿਆ। ਉਸ ਤੋਂ ਬਾਅਦ ਮੈਂ ਜਦ ਵੀ ਅਮਰੀਕਾ ਗਿਆ, ਉਹ ਪੱਕਾ ਸਾਥੀ ਰਿਹਾ।

ਮੈਂ ਆਖਰੀ ਵਾਰ 2017 ਵਿੱਚ ਅਮਰੀਕਾ ਗਿਆ ਤਾਂ ਉਹ ਆਪਣਾ ਟੀ ਵੀ ਸ਼ੁਰੂ ਕਰਨ ਦਾ ਸੋਚ ਰਿਹਾ ਸੀ। ਜਲਦੀ ਹੀ ਉਸ "ਬਾਜ਼" ਟੀ ਵੀ ਸ਼ੁਰੂ ਕਰ ਲਿਆ। ਪਰ ਜਲਦੀ ਵਿਛੋੜਾ ਦੇ ਗਿਆ।

ਉਸ ਦੀਆਂ ਕਵਿਤਾਵਾਂ ਦਾ ਸੰਗ੍ਰਹਿ "ਮਨ ਮੰਦਰ ਦੇ ਬੂਹੇ" ਮੈਂ ਹੀ ਸੰਪਾਦਿਤ ਕਰ ਰਿਹਾਂ। ਇਹ ਕਵਿਤਾ 2012 ਵਿੱਚ ਉਸ ਦੀ ਸੰਗਤ ਵਿੱਚ ਲਿਖੀ ਸੀ ਦੋ 2013 ਵਿੱਚ ਛਪੀ ਮੇਰੀ ਕਾਵਿ ਕਿਤਾਬ ਮਨ ਤੰਦੂਰ ਵਿੱਚ ਸ਼ਾਮਲ ਹੈ। ਤੁਸੀਂ ਵੀ ਪੜ੍ਹੋ।

ਮਨਹਟਨ ਵਿਚੋਂ ਲੰਘਦਿਆਂ ਹਰਵਿੰਦਰ ਰਿਆੜ ਦੇ ਨਾਂ

ਆਰ ਸਮੁੰਦਰ ਪਾਰ ਸਮੁੰਦਰ,
ਕੰਕਰੀਟ ਦੀ ਨਕਲੀ ਕੰਦਰ,
ਵਿਚੋਂ ਦੀ ਇਕ ਲਾਂਘਾ ਲੰਘੇ।
ਅੰਬਰ ਚੁੰਮਦੇ ਦੋਹੀਂ ਪਾਸੀਂ ਭਵਨ ਖੜ੍ਹੇ ਨੇ।
ਲੰਮ ਸਲੰਮੀਆਂ ਸੜਕਾਂ ਕੰਢੇ।

ਕਮਰੇ ਅੰਦਰ ਕਮਰੇ,
ਅੱਗੇ ਫਿਰ ਕਮਰੇ ਨੇ।
ਖਿੜਕੀਆਂ ਬੂਹੇ ਬੰਦ ਪਏ ਨੇ।
ਠੰਢੀ ਪੌਣ ਹਵਾ ਦਾ ਬੁੱਲਾ,
ਏਸ ਨਗਰ ਵਿਚ ਰਹਿੰਦਿਆਂ ਭੁੱਲਾ।

ਚੌਂਕਾਂ ਦੇ ਵਿਚ ਕੌਣ ਖੜ੍ਹੇ ਨੇ।
ਬਿਰਖ ਨਿਪੱਤਰੇ,
ਔਤ ਨਿਖੱਤਰੇ।
ਫਾਈਬਰ ਦੇ ਤਣਿਆਂ ਤੇ ਬਿਜਲੀ ਲਾਟੂ ਜਗਦੇ।
ਕਿਸੇ ਜਗਾਇਆ ਜਗ ਪੈਂਦੇ ਨੇ।
ਕਿਸੇ ਬੁਝਾਇਆਂ ਬੁਝ ਜਾਂਦੇ ਨੇ।
ਇਨ੍ਹਾਂ ਪੱਲੇ ਪੱਤਰ ਵੀ ਛਾਂ ਹੀਣ ਜਹੇ ਨੇ।

ਵਾਹੋਦਾਰੀ ਭੱਜੇ ਫਿਰਦੇ।
ਸਾਰੇ ਇਕ ਦੂਜੇ ਤੋਂ ਅੱਗੇ ਲੰਘਣ ਵਾਲੇ।
ਪੈਰਾਂ ਦੇ ਵਿਚ ਭਟਕਣ,
ਮਨ ਮਸਤਕ ਵਿਚ ਜਾਲੇ।
ਧੂੰਆਂ ਧਾਰ ਟੈਕਸੀਆਂ ਭੱਜਣ,
ਸਾਰੇ ਲੋਕੀਂ ਕਿੱਧਰ ਚੱਲੇ?

ਬੰਦ ਕਾਰਾਂ ਵਿਚ ਫਿਰਨ ਮੁਸਾਫ਼ਰ।
ਜੀਕੂੰ ਕੈਦੀ ਜੇਲ੍ਹ ਬਦਲੀਆਂ ਵੇਲੇ ਜਾਵਣ।
ਧੁੱਪਾਂ ਛਾਵਾਂ ਤੋਂ ਬੇਖ਼ਬਰੇ,
ਏਦਾਂ ਹੀ ਪੈ ਜਾਵਣ ਕਬਰੇ।

ਕੰਕਰੀਟ ਦਾ ਜੰਗਲ ਚੌਵੀ ਘੰਟੇ ਜਾਗੇ।
ਦਿਨ ਤੇ ਰਾਤ ਕਦੇ ਨਹੀਂ ਸੌਂਦਾ।
ਚੌਵੀ ਘੰਟੇ ਘੁੰਮਦਾ ਪਹੀਆ ਪੈਂਡੇ ਗਾਹੁੰਦਾ।

ਆਰ ਸਮੁੰਦਰ ਪਾਰ ਸਮੁੰਦਰ,
ਕੰਕਰੀਟ ਦੀ ਨਕਲੀ ਕੰਦਰ,
ਵਿਚੋਂ ਦੀ ਇਕ ਲਾਂਘਾ ਲੰਘੇ।
ਅੰਬਰ ਚੁੰਮਦੇ ਦੋਹੀਂ ਪਾਸੀਂ ਭਵਨ ਖੜ੍ਹੇ ਨੇ।

ਫਿਰ ਵੀ ਏਥੇ ਮੇਰਾ ਇਕ ਦਰਿਆ ਰਹਿੰਦਾ ਹੈ।
ਨੰਗੀ ਅੱਖ ਨੂੰ ਦਿਸਦਾ ਨਹੀਂ, ਅੱਜ ਵੀ ਵਹਿੰਦਾ ਹੈ।
ਇਸ ਦਰਿਆ ਦੇ ਪਾਣੀ ਅੰਦਰ
ਪਾਣੀ ਅੰਦਰ ਖੁਰ ਗਈ ਦਰਦ-ਕਹਾਣੀ ਅੰਦਰ
ਵੱਸਦੈ ਇਕ ਮਾਸੂਮ ਪਰਿੰਦਾ।

ਉੱਡਣਾ ਪੁੱਡਣਾ, ਕਦੇ ਕਿਸੇ ਨਾ ਡਾਹੀ ਦੇਵੇ।
ਰੂਹ ਦੇ ਹਾਣੀ ਨੂੰ ਹੀ ਸਿਰਫ਼ ਵਿਖਾਈ ਦਿੰਦਾ।

## ਸਮਾਂ ਚਿੰਤਾਵਾਂ ਦੇ ਜ਼ਖ਼ਮਾਂ ਲਈ ਮਲ੍ਹਮ ਹੈ!

ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ



ਚਿੰਤਾਵਾਂ ਨੇ ਮੇਰੀ ਜ਼ਿੰਦਗੀ ਦੇ ਕਈ ਸਾਲ ਨਿਗਲ ਲਏ ਹਨ, ਜੋ ਕਿ ਕੀਮਤੀ ਅਤੇ ਕੀਮਤੀ ਸਾਲ ਹਨ, ਹੁਣ ਮੈਨੂੰ ਲੱਗਦਾ ਹੈ ਕਿ ਉਹ ਕਿਸੇ ਹੋਰ ਕਾਰਨ ਨਹੀਂ ਸਗੋਂ ਮੇਰੀ ਆਪਣੀ ਮੂਰਖਤਾ ਕਾਰਨ ਬਰਬਾਦ ਹੋਏ ਹਨ। ਹਰ ਚੀਜ਼ ਬਾਰੇ ਚਿੰਤਤ, ਮੈਂ ਆਪਣੇ ਕੰਮ, ਸਿਹਤ, ਪਰਿਵਾਰ ਅਤੇ ਆਪਣੇ ਹੀਣ ਭਾਵਨਾ ਤੋਂ ਇੰਨਾ ਡਰਦਾ ਰਿਹਾ ਹਾਂ ਕਿ ਮੈਂ ਜਾਣ-ਪਛਾਣ ਵਾਲਿਆਂ ਤੋਂ ਬਚਦਾ ਸੀ ਅਤੇ ਜਿਨ੍ਹਾਂ ਨੂੰ ਮੈਂ ਮਿਲਦਾ ਸੀ ਉਨ੍ਹਾਂ ਨੂੰ ਨਾ ਦੇਖਣ ਦੇ ਬਹਾਨੇ ਸੜਕ ਪਾਰ ਕਰਦਾ ਸੀ, ਕਿਉਂਕਿ ਮੈਂ ਉਦਾਸੀਨਤਾ ਦਿਖਾਉਣ ਤੋਂ ਡਰਦਾ ਸੀ, ਮੈਂ ਅਜਨਬੀਆਂ ਨੂੰ ਮਿਲਣ ਵੇਲੇ ਘਬਰਾ ਜਾਂਦਾ ਸੀ, ਮੈਂ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਲੋਕਾਂ ਲਈ ਜਗ੍ਹਾ ਬਣਾਉਣ ਵਿੱਚ ਅਸਮਰੱਥ ਸੀ, ਮੈਂ ਆਪਣੇ ਵਿਚਾਰਾਂ ਅਨੁਸਾਰ ਕਰਨ ਵਿੱਚ ਅਸਮਰੱਥ ਸੀ ਅਤੇ ਫਿਰ ਆਤਮ-ਵਿਸ਼ਵਾਸ ਦੀ ਸ਼ਕਤੀ ਨੇ ਇਸ ਸਥਿਤੀ ਨੂੰ ਦੂਰ ਕਰ ਦਿੱਤਾ। ਇਸ ਸਥਿਤੀ ਤੋਂ ਆਜ਼ਾਦੀ ਇੱਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਬਣ ਗਈ ਅਤੇ ਜ਼ਿੰਦਗੀ ਕੱਟਣਾ ਜੀਵਨ ਜੀਉਣ ਵਿੱਚ ਬਦਲ ਗਿਆ।

ਮੈਂ ਇੱਕ ਅਜਿਹੇ ਵਿਅਕਤੀ ਨੂੰ ਮਿਲਿਆ ਜੋ ਮੇਰੇ ਨਾਲੋਂ ਵੱਧ ਮੁਸੀਬਤ ਅਤੇ ਦੁੱਖ ਵਿੱਚ ਸੀ, ਪਰ ਉਸਦੇ ਮੱਥੇ 'ਤੇ ਇੱਕ ਵੀ ਦਾਗ ਨਹੀਂ ਸੀ। ਮੈਂ ਉਸ ਵਰਗਾ ਖੁਸ਼, ਖੁਸ਼ਹਾਲ ਵਿਅਕਤੀ ਘੱਟ ਹੀ ਦੇਖਿਆ ਹੈ। ਉਸਨੇ ਬਹੁਤ ਸਾਰਾ ਪੈਸਾ ਕਮਾਇਆ ਸੀ, ਜੋ ਬਰਬਾਦ ਹੋ ਗਿਆ। ਕੁਝ ਸਮੇਂ ਬਾਅਦ, ਉਸਦੀ ਕਿਸਮਤ ਦਾ ਸਿਤਾਰਾ ਫਿਰ ਚਮਕਿਆ ਅਤੇ ਉਸਦੇ ਮਾਮਲੇ ਸੁਚਾਰੂ ਹੋ ਗਏ, ਪਰ ਉਹ ਫਿਰ ਬੁਰੇ ਸਮੇਂ ਵਿੱਚ ਡਿੱਗ ਪਿਆ। ਦੀਵਾਲੀਆਪਨ ਤੋਂ ਬਾਅਦ, ਉਸਦੇ ਦੁਸ਼ਮਣ, ਇੱਥੋਂ ਤੱਕ ਕਿ ਉਸਦੇ ਕਰਜ਼ੇ ਵੀ, ਹਰ ਸਮੇਂ ਕੁੱਤਿਆਂ ਵਾਂਗ ਉਸਦਾ ਪਿੱਛਾ ਕਰਨ ਲੱਗ ਪਏ। ਜੇ ਕਿਸੇ ਕਮਜ਼ੋਰ ਦਿਲ ਵਾਲੇ ਵਿਅਕਤੀ 'ਤੇ ਇੰਨੀਆਂ ਮੁਸ਼ਕਲਾਂ ਆਉਂਦੀਆਂ, ਤਾਂ ਉਹ ਹਿੰਮਤ ਹਾਰ ਜਾਂਦਾ ਅਤੇ ਘਬਰਾ ਜਾਂਦਾ ਅਤੇ ਖੁਦਕੁਸ਼ੀ ਕਰਨ ਲਈ ਤਿਆਰ ਹੋ ਜਾਂਦਾ। ਪਰ ਇਹ ਵਿਅਕਤੀ ਮੁਸ਼ਕਲਾਂ ਵਿੱਚੋਂ ਇਸ ਤਰ੍ਹਾਂ ਲੰਘ ਰਿਹਾ ਸੀ ਜਿਵੇਂ ਬੱਤਖ ਦੇ ਸਿਰ ਤੋਂ ਪਾਣੀ ਨਿਕਲਦਾ ਹੈ।

ਇਹ ਦੇਖ ਕੇ, ਮੈਂ ਪਰਮਾਤਮਾ ਅੱਗੇ ਪ੍ਰਾਰਥਨਾ ਕਰ ਰਿਹਾ ਸੀ ਕਿ ਹੇ ਪਰਮਾਤਮਾ, ਕਿਰਪਾ ਕਰਕੇ ਮੈਨੂੰ ਅਜਿਹਾ ਬਣਾ। ਸਾਡੀ ਗੱਲਬਾਤ ਦੌਰਾਨ, ਉਸਨੇ ਮੈਨੂੰ ਇੱਕ ਪੱਤਰ ਦਿੱਤਾ ਅਤੇ ਕਿਹਾ, "ਇਸਨੂੰ ਪੜ੍ਹੋ।" ਇਹ ਪੱਤਰ ਗੁੱਸੇ ਅਤੇ ਕੁੜੱਤਣ ਨਾਲ ਭਰਿਆ ਹੋਇਆ ਸੀ। ਇਸਨੇ ਅਣਗਿਣਤ ਗੁੰਝਲਦਾਰ ਅਤੇ ਉਲਝਣ ਵਾਲੇ ਸਵਾਲ ਖੜ੍ਹੇ ਕੀਤੇ। ਜੇ ਮੈਨੂੰ ਇਹ ਪ੍ਰਾਪਤ ਹੁੰਦਾ, ਤਾਂ ਮੈਂ ਉਲਝਣ ਵਿੱਚ ਪੈ ਜਾਂਦਾ ਕਿ ਕੀ ਕਰਨਾ ਹੈ ਜਾਂ ਨਹੀਂ ਕਰਨਾ ਹੈ। ਮੈਂ ਉਸਨੂੰ ਪੁੱਛਿਆ, "ਤੁਸੀਂ ਕੀ ਜਵਾਬ ਦਿਓਗੇ?" ਉਸਨੇ ਕਿਹਾ, "ਸੁਣੋ, ਮੈਂ ਤੁਹਾਨੂੰ ਇੱਕ ਛੋਟਾ ਜਿਹਾ ਭੇਤ ਦੱਸਦਾ ਹਾਂ। ਅਗਲੀ ਵਾਰ ਜਦੋਂ ਕੋਈ ਚੀਜ਼ ਤੁਹਾਨੂੰ ਸੱਚਮੁੱਚ ਪਰੇਸ਼ਾਨ ਕਰਦੀ ਹੈ, ਤਾਂ ਇੱਕ ਪੈਨਸਿਲ ਅਤੇ ਇੱਕ ਕਾਗਜ਼ ਦੇ ਟੁਕੜੇ ਨਾਲ ਬੈਠੋ ਅਤੇ ਵਿਸਥਾਰ ਵਿੱਚ ਲਿਖੋ ਕਿ ਤੁਸੀਂ ਕਿਉਂ ਪਰੇਸ਼ਾਨ ਹੋ। ਫਿਰ ਇਸ ਕਾਗਜ਼ ਦੇ ਟੁਕੜੇ ਨੂੰ ਆਪਣੇ ਡੈਸਕ ਦੇ ਸੱਜੇ ਦਰਾਜ਼ ਵਿੱਚ ਰੱਖੋ। ਇਸ ਕਾਗਜ਼ ਦੇ ਟੁਕੜੇ ਨੂੰ ਬਾਹਰ ਕੱਢਣਾ ਅਤੇ ਦੋ ਹਫ਼ਤਿਆਂ ਬਾਅਦ ਇਸਨੂੰ ਦੇਖਣਾ ਬਿਲਕੁਲ ਸੁਰੱਖਿਅਤ ਹੋਵੇਗਾ। ਇਸ ਨਾਲ ਕੁਝ ਵੀ ਨੁਕਸਾਨ ਨਹੀਂ ਹੋਵੇਗਾ। ਪਰ ਇਸ ਸਮੇਂ ਦੌਰਾਨ, ਉਸ ਸਮੱਸਿਆ ਨਾਲ ਬਹੁਤ ਕੁਝ ਹੋ ਸਕਦਾ ਹੈ ਜੋ ਤੁਹਾਨੂੰ ਪਰੇਸ਼ਾਨ ਕਰ ਰਹੀ ਹੈ। ਮੈਂ ਅਕਸਰ ਦੇਖਿਆ ਹੈ ਕਿ ਜੇ ਤੁਸੀਂ ਥੋੜ੍ਹਾ ਜਿਹਾ ਸਬਰ ਅਤੇ ਸਹਿਣਸ਼ੀਲਤਾ ਵਰਤਦੇ ਹੋ, ਤਾਂ ਉਹ ਮੁਸੀਬਤ ਜਿਸ ਤੋਂ ਮੈਂ ਨਿਮਰ ਹਾਂ, ਉਹ ਕਾਗਜ਼ ਦੇ ਗੁਬਾਰੇ ਵਾਂਗ ਆਪਣੇ ਆਪ ਢਹਿ ਜਾਂਦੀ ਹੈ।

ਆਪਣੀਆਂ ਚਿੰਤਾਵਾਂ ਨੂੰ ਕਾਗਜ਼ ਦੇ ਟੁਕੜੇ 'ਤੇ ਲਿਖੋ, ਜਾਂ ਇਸ ਦੀ ਬਜਾਏ, ਜਿੰਨੀਆਂ ਵੀ ਵੱਡੀਆਂ ਅਤੇ ਛੋਟੀਆਂ ਚਿੰਤਾਵਾਂ ਹੋ ਸਕਦੀਆਂ ਹਨ ਲਿਖੋ, ਅਤੇ ਇਸਨੂੰ ਕੁਝ ਹਫ਼ਤਿਆਂ ਲਈ ਕਿਤੇ ਰੱਖੋ। ਜਦੋਂ ਤੁਸੀਂ ਇਸਨੂੰ ਬਾਹਰ ਕੱਢਦੇ ਹੋ ਅਤੇ ਇਸਨੂੰ ਦੇਖਦੇ ਹੋ, ਤਾਂ ਉਸ ਕਾਗਜ਼ 'ਤੇ ਕੁਝ ਵੀ ਖਰਾਬ ਨਹੀਂ ਹੋਵੇਗਾ। ਅਤੇ ਜਦੋਂ ਅਸੀਂ ਆਪਣੀ ਕਿਸਮਤ ਵਿੱਚ ਲਿਖੀਆਂ ਕੁਝ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਾਂ, ਤਾਂ ਪੂਰਾ ਵਿਅਕਤੀ ਇਸਦੇ ਅੱਗੇ ਸਮਰਪਣ ਕਰ ਦਿੰਦਾ ਹੈ ਅਤੇ ਜ਼ਿੰਦਗੀ ਦਾ ਅਪਮਾਨ ਕਰਦਾ ਹੈ। ਜੇਕਰ ਅਸੀਂ ਜੀ ਰਹੇ ਹਾਂ, ਤਾਂ ਬਹੁਤ ਸਾਰੇ ਸਾਡੇ ਕਾਰਨ ਵੀ ਜੀ ਰਹੇ ਹਨ। ਤੁਸੀਂ ਵੀ ਕਾਰਨ ਹੋ। ਉਨ੍ਹਾਂ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਲਈ। ਹੰਝੂ ਪੂੰਝਣ ਵਾਲਾ ਰੁਮਾਲ ਵੀ ਤੁਹਾਡੇ ਹੱਥ ਵਿੱਚ ਹੈ। ਸਮੱਸਿਆਵਾਂ ਅਤੇ ਚਿੰਤਾਵਾਂ ਨਾਲ ਲਿਖੇ ਕਾਗਜ਼ ਦੇ ਟੁਕੜੇ ਨੇ ਮੈਨੂੰ ਸਮਝਾਇਆ ਕਿ ਜੇ ਤੁਸੀਂ ਇਸਨੂੰ ਨਹੀਂ ਬਚਾ ਸਕਦੇ, ਤਾਂ ਦ੍ਰਿੜ ਰਹੋ। ਉਹ ਸਮੇਂ ਦੀ ਧੂੜ ਹੇਠ ਆ ਜਾਣਗੇ ਅਤੇ ਆਪਣੀ ਪਛਾਣ ਗੁਆ ਦੇਣਗੇ। ਫਿਰ ਉਹ ਉਨ੍ਹਾਂ ਨੂੰ ਕਈ ਵਾਰ ਯਾਦ ਰੱਖਣਗੇ, ਪਰ ਉਹ ਕੌੜੀਆਂ ਯਾਦਾਂ ਵਜੋਂ ਨਹੀਂ ਰਹਿਣਗੇ ਅਤੇ ਹਰ ਸਮੇਂ ਮਨ 'ਤੇ ਹਾਵੀ ਨਹੀਂ ਰਹਿਣਗੇ। ਮੈਂ ਇਹ ਛੋਟੀ ਅਤੇ ਪ੍ਰੇਰਨਾਦਾਇਕ ਸਲਾਹ ਤੁਹਾਡੇ ਚੇਤਨਾ ਦਰਬਾਰ ਵਿੱਚ ਪੇਸ਼ ਕਰ ਰਿਹਾ ਹਾਂ। ਕੀ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਸੋਚਣ ਦਾ ਇੱਕ ਤਰੀਕਾ ਮਿਲੇਗਾ ਜੋ ਤੁਹਾਨੂੰ ਚਿੰਤਾਵਾਂ ਦੇ ਪ੍ਰਭਾਵਾਂ ਨੂੰ ਘਟਾ ਕੇ ਜਾਂ ਖਤਮ ਕਰਕੇ ਉਨ੍ਹਾਂ ਨੂੰ ਹੱਲ ਕਰਨ ਲਈ ਇੱਕ ਰਣਨੀਤੀ ਬਣਾਉਣ ਵਿੱਚ ਮਦਦ ਕਰੇਗਾ ਅਤੇ ਤੁਹਾਨੂੰ ਅਣਸੁਖਾਵੀਆਂ ਸਥਿਤੀਆਂ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ। ਸਮਾਂ ਉਨ੍ਹਾਂ ਅਣਗਿਣਤ ਸਮੱਸਿਆਵਾਂ ਦੀ ਕੁੰਜੀ ਹੈ। ਅੱਜ ਤੁਸੀਂ ਜਿਨ੍ਹਾਂ ਸਮੱਸਿਆਵਾਂ ਬਾਰੇ ਚਿੰਤਤ ਹੋ, ਉਨ੍ਹਾਂ ਦਾ ਹੱਲ ਹੈ।

## ਖੇਡ ਵਿਭਾਗ ਪਟਿਆਲਾ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਜਿਲ੍ਹਾ ਪੱਧਰੀ ਖੇਡਾਂ ਕਰਵਾਈਆਂ ਗਈਆਂ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 3, ਅਕਤੂਬਰ:ਜਿਲ੍ਹਾ ਪੱਧਰੀ ਖੇਡਾਂ ਵਿੱਚ ਹਾਕੀ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਵਾਲੀਬਾਲ ਸਮੈਸ਼ਿੰਗ, ਸਾਫਟਬਾਲ, ਨੈੱਟਬਾਲ, ਬਾਸਕਟਬਾਲ, ਪਾਵਰ ਲਿਫਟਿੰਗ, ਕੁਸ਼ਤੀ, ਬਾਕਸਿੰਗ, ਸ਼ੂਟਿੰਗ, ਜੂਡੋ ਅਤੇ ਫੈਨਸਿੰਗ ਖੇਡਾਂ ਵੱਖ-ਵੱਖ ਉਮਰ ਵਰਗ ਅਤੇ ਵੱਖ-ਵੱਖ ਸਥਾਨਾਂ ਤੇ ਕਰਵਾਈਆਂ ਗਈਆਂ।

ਇਹਨਾਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਸ੍ਰ. ਉਪਕਾਰ ਸਿੰਘ ਵਿਰਕ ਜਨਰਲ ਸੈਕਟਰੀ ਖੋ-ਖੋ ਫੈਡਰੇਸ਼ਨ ਆਫ ਇੰਡੀਆ, ਜੈ ਗੋਪਾਲ ਸ਼ਰਮਾ ਰਿਟਾਇਰਡ ਚੀਫ ਕੋਚ ਐਨ.ਐਸ.ਐਨ.ਆਈ. ਐਸ. ਪਟਿਆਲਾ, ਕਿਸ਼ੋਰ ਕੁਮਾਰ ਰਿਟਾਇਰਡ ਚੀਫ ਕੋਚ ਐਨ.ਐਸ.ਐਨ.ਆਈ. ਐਸ. ਪਟਿਆਲਾ, ਸੁਰਿੰਦਰ ਸਿੰਘ ਰਿਟਾਇਰਡ ਚੀਫ ਕੋਚ ਐਨ.ਐਸ.ਐਨ.ਆਈ. ਐਸ. ਪਟਿਆਲਾ, ਹਰਬੰਸ ਸਿੰਘ ਰਿਟਾਇਰਡ ਪੰਜਾਬ ਪੁਲਿਸ ਅਤੇ ਅੰਤਰਰਾਸ਼ਟਰੀ ਕੋਚ ਰੈਫਰੀ, ਸ੍ਰੀਮਤੀ ਪਰਵਿੰਦਰ ਕੌਰ ਸੀ.ਆਰ.ਪੀ.ਐਫ ਸੈਕੰਡ.ਇਨ ਕਮਾਡੈਂਟ ਅੰਤਰਰਾਸ਼ਟਰੀ ਖਿਡਾਰੀ ਨੇ ਵੀ ਸ਼ਿਰਕਤ ਕੀਤੀ।

ਵਾਲੀਬਾਲ ਸਮੈਸ਼ਿੰਗ ਅੰਡਰ-14 ਲੜਕਿਆਂ ਵਿੱਚ ਨਾਭਾ ਏ ਦੀ ਟੀਮ ਨੇ ਘਨੌਰ ਦੀ ਟੀਮ ਨੂੰ 2-1 ਦੇ ਫਰਕ ਨਾਲ ਹਰਾ ਕੇ ਜੇਤੂ ਰਹੀ। ਅੰਡਰ-17 ਲੜਕਿਆਂ ਵਿੱਚ ਰਾਜਪੁਰਾ ਦੀ ਟੀਮ ਨੇ ਨਾਭਾ ਏ ਦੀ ਟੀਮ ਨੂੰ 2-0 ਨਾਲ ਹਰਾ ਕੇ ਜੇਤੂ ਰਹੀ।

ਖੋ-ਖੋ ਅੰਡਰ-14 ਲੜਕੀਆਂ ਵਿੱਚ ਪਟਿਆਲਾ ਸ਼ਹਿਰੀ ਦੀ ਟੀਮ ਨੇ ਪਹਿਲਾ ਸਥਾਨ, ਪਾਤੜਾਂ ਦੀ ਟੀਮ ਨੇ ਦੂਸਰਾ ਸਥਾਨ, ਪਟਿਆਲਾ ਦਿਹਾਤੀ ਅਤੇ ਘਨੌਰ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-14 ਲੜਕਿਆਂ ਵਿੱਚ ਪਾਤੜਾਂ ਦੀ ਟੀਮ ਨੇ ਪਹਿਲਾ ਸਥਾਨ, ਪਟਿਆਲਾ ਦਿਹਾਤੀ ਦੀ ਟੀਮ ਨੇ ਦੂਸਰਾ ਸਥਾਨ, ਘਨੌਰ ਅਤੇ ਸਨੌਰ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਵਿੱਚ ਪਟਿਆਲ਼ਾ ਸ਼ਹਿਰੀ ਦੀ ਟੀਮ ਨੇ ਪਹਿਲਾ ਸਥਾਨ, ਘਨੌਰ ਦੀ ਟੀਮ ਨੇ ਦੂਸਰਾ ਸਥਾਨ, ਪਾਤੜਾਂ ਅਤੇ ਸਮਾਣਾ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-17 ਲੜਕਿਆਂ ਵਿੱਚ ਪਟਿਆਲਾ ਸ਼ਹਿਰੀ ਦੀ ਟੀਮ ਨੇ ਪਹਿਲਾ ਸਥਾਨ, ਪਾਤੜਾਂ ਦੀ ਟੀਮ ਨੇ ਦੂਸਰਾ ਸਥਾਨ, ਸਨੌਰ ਅਤੇ ਘਨੌਰ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕਰਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਫੁੱਟਬਾਲ ਅੰਡਰ-17 ਲੜਕਿਆਂ ਵਿੱਚ ਆਰਮੀ ਫੁੱਟਬਾਲ ਕਲੱਬ ਦੀ ਟੀਮ ਨੇ ਅਜਰਾਵਰ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾਇਆ। ਆਜਾਦ ਫੁੱਟਬਾਲ ਕਲੱਬ ਦੀ ਟੀਮ ਨੂੰ ਬਹਾਦਰਗੜ੍ਹ ਦੀ ਟੀਮ ਨੇ 4-2 ਨਾਲ ਹਰਾਇਆ।

ਬਾਸਕਟਬਾਲ ਅੰਡਰ-17 ਲੜਕਿਆਂ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਕੂਲ ਪਟਿਆਲਾ ਦੀ ਟੀਮ ਨੇ ਜੀਈਐਮਐਸ ਪਟਿਆਲਾ ਦੀ ਟੀਮ ਨੂੰ 18-7 ਦੇ ਫਰਕ ਨਾਲ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਪੋਲੋ ਬੀ ਦੀ ਟੀਮ ਨੇ ਗੁਰੂਕੁਲ ਗਲੋਬਲ ਸਕੂਲ ਦੀ ਟੀਮ ਨੂੰ 25-12 ਦੇ ਫਰਕ ਨਾਲ ਹਰਾਇਆ। ਮਲਟੀ ਏ ਦੀ ਟੀਮ ਨੇ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਬੀਬੀਪੁਰ ਨੂੰ 21-10 ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ।

ਅੰਡਰ-21 ਲੜਕਿਆਂ ਵਿੱਚ ਮਲਟੀਪਰਪਜ ਸਕੂਲ ਪਟਿਆਲ਼ਾ ਦੀ ਟੀਮ ਨੇ ਪੋਲੋ ਬੀ ਦੀ ਟੀਮ ਨੂੰ 81-69 ਦੇ ਫਰਕ ਨਾਲ ਹਰਾਇਆ। ਇਸੇ ਤਰ੍ਹਾਂ ਪੀ ਆਈ ਐਸ ਪਟਿਆਲਾ ਦੀ ਟੀਮ ਨੇ ਪੋਲੋ ਏ ਦੀ ਟੀਮ ਨੂੰ 61-39 ਦੇ ਫਰਕ ਨਾਲ ਹਰਾਇਆ।

ਰੈਸਲਿੰਗ ਅੰਡਰ-21 ਲੜਕੇ ਗਰੀਕੋ ਰੋਮਨ ਵੇਟ ਕੈਟਗਿਰੀ 55 ਕਿ.ਗ. ਵਿੱਚ ਨਵੀਨ ਕੁਮਾਰ ਪਟਿਆਲਾ ਨੇ ਪਹਿਲਾ ਸਥਾਨ ਅਤੇ ਸਤਵਿੰਦਰ ਸਿੰਘ ਰਾਜਪੁਰਾ ਨੇ ਦੂਸਰਾ ਸਥਾਨ ਹਾਸਲ ਕੀਤਾ। ਵੇਟ ਕੈਟਾਗਿਰੀ 72 ਕਿ.ਗ. ਗਰੀਕੋ ਰੋਮਨ ਵਿੱਚ ਹਰਕਰਨ ਨੇ ਪਹਿਲਾ ਅਤੇ ਅਲਬਖਸ਼ ਖਾਨ ਨੇ ਦੂਸਰਾ ਸਥਾਨ ਹਾਸਲ ਕੀਤਾ। ਵੇਟ ਕੈਟਗਿਰੀ 97 ਕਿ.ਗ. ਵਿੱਚ ਪ੍ਰਗਟ ਗੋਰਸੀ ਨੇ ਪਹਿਲਾ ਸਥਾਨ ਅਤੇ ਗੁਰਜੰਟ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ।

ਨੈੱਟਬਾਲ ਅੰਡਰ-14 ਲੜਕਿਆਂ ਵਿੱਚ ਤ੍ਰਿਪੜੀ ਦੀ ਟੀਮ ਨੇ ਪਹਿਲਾ ਸਥਾਨ, ਪੋਲੋ ਦੀ ਟੀਮ ਨੇ ਦੂਸਰਾ ਸਥਾਨ, ਨਾਭਾ ਦੀ ਟੀਮ ਨੇ ਤੀਸਰਾ ਸਥਾਨ ਅਤੇ ਪੋਲੋ ਏ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ। ਅੰਡਰ-17 ਲੜਕਿਆਂ ਵਿੱਚ ਪੋਲੋ ਦੀ ਟੀਮ ਨੇ ਪਹਿਲਾ ਸਥਾਨ, ਤ੍ਰਿਪੜੀ ਦੀ ਟੀਮ ਨੇ ਦੂਸਰਾ ਸਥਾਨ, ਨਾਭਾ ਦੀ ਟੀਮ ਨੇ ਤੀਸਰਾ ਸਥਾਨ ਅਤੇ ਵਜੀਦਪੁਰ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ। ਅੰਡਰ-21 ਲੜਕਿਆਂ ਵਿੱਚ ਪੋਲੋ ਦੀ ਟੀਮ ਨੇ ਪਹਿਲਾ ਸਥਾਨ, ਪੋਲੋ ਏ ਦੀ ਟੀਮ ਨੇ ਦੂਸਰਾ ਸਥਾਨ, ਤ੍ਰਿਪੜੀ ਦੀ ਟੀਮ ਨੇ ਤੀਜਾ ਸਥਾਨ ਅਤੇ ਪੋਲੋ ਬੀ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ। 21-30 ਲੜਕਿਆਂ ਵਿੱਚ ਪੋਲੋ ਦੀ ਟੀਮ ਨੇ ਪਹਿਲਾ ਸਥਾਨ, ਤ੍ਰਿਪੜੀ ਦੀ ਟੀਮ ਨੇ ਦੂਸਰਾ ਸਥਾਨ, ਪੋਲੋ ਏ ਦੀ ਟੀਮ ਨੇ ਤੀਸਰਾ ਸਥਾਨ ਅਤੇ ਮੋਦੀ ਕਾਲਜ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ। ਅੰਡਰ-14 ਲੜਕੀਆਂ ਵਿੱਚ ਤ੍ਰਿਪੜੀ ਦੀ ਟੀਮ ਨੇ ਪਹਿਲਾ ਸਥਾਨ, ਨਾਭਾ ਦੀ ਟੀਮ ਨੇ ਦੂਸਰਾ ਸਥਾਨ, ਪੋਲੋ ਦੀ ਟੀਮ ਨੇ ਤੀਜਾ ਸਥਾਨ ਅਤੇ ਪੋਲੋ ਏ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ।

ਅੰਡਰ-17 ਲੜਕੀਆਂ ਵਿੱਚ ਪੋਲੋ ਦੀ ਟੀਮ ਨੇ ਪਹਿਲਾ ਸਥਾਨ, ਪੋਲੋ ਏ ਦੀ ਟੀਮ ਨੇ ਦੂਸਰਾ ਸਥਾਨ, ਬੂਹੀ ਦੀ ਟੀਮ ਨੇ ਤੀਸਰਾ ਸਥਾਨ ਅਤੇ ਤ੍ਰਿਪੜੀ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ। ਅੰਡਰ-21 ਲੜਕੀਆਂ ਵਿੱਚ ਪੋਲੋ ਦੀ ਟੀਮ ਨੇ ਪਹਿਲਾ ਸਥਾਨ, ਪਾਤੜਾਂ ਦੀ ਟੀਮ ਨੇ ਦੂਸਰਾ ਸਥਾਨ, ਪੋਲੋ ਏ ਦੀ ਟੀਮ ਨੇ ਤੀਸਰਾ ਸਥਾਨ ਅਤੇ ਤ੍ਰਿਪੜੀ ਏ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ।